# ਬਰਫ਼ 'ਚ ਉੱਗੇ ਅਮਲਤਾਸ

ਗੁਰਿੰਦਰਜੀਤ



# ਬਰਫ਼ 'ਚ ਉੱਗੇ ਅਮਲਤਾਸ

**Baraf Ch Ugge Amaltas**

Punjabi Book:

**By Gurinderjit Singh**

Mob: 1(514)572-3605

E-mail: guri@khalsa.com

facebook: https://www.facebook.com/gurimtl/

linkedin: https://linkedin.com/in/sguri/

| | | |
|---|---|---|
| **ISBN** | **:** | 978-81-969387-6-5 |
| **Copyright** | **:** | Author |
| **Year** | **:** | 2024 |
| **Publisher** | **:** | **Parteek Publications, Patiala** |
| | | 98773-58869, 97810-33133 |
| **Type Setting** | **:** | Computer Desires, Patiala |
| **Price** | **:** | Rs. 300/- |

# ਬਰਫ਼ ‘ਚ ਉੱਗੇ ਅਮਲਤਾਸ

ਗੁਰਿੰਦਰਜੀਤ

ਪ੍ਰਕਾਸ਼ਕ
ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ।

# ਤਤਕਰਾ


- ੧ - ਬਿੰਬਾਵਲੀ 15
- ੨ - ਗੂਗਲ ਤੋਂ ਪਹਿਲਾਂ 47
- ੩ - ਪਰਵਾਸ 65
- ੪ - ਬਰਫ਼ 'ਚ ਉੱਗੇ ਅਮਲਤਾਸ 103
- ੫ - ਕਾਵਿਆਲੋਜੀ 129
- ੬ - ਗਰੇਟਾ ਥਨਬਰਗ ਦੇ ਖ਼ਾਬ 181
- ੭ - ਟਿੱਕਰੀ ਬਾਰਡਰ 199
- ੮ - ਨਾਗੋ ਆਇਆ ਨਾਗੋ ਜਾਸੀ 227

# ਅਨੂਠਾ ਤਾਣਾ ਬਾਣਾ

ਆਪਣੀ ਕਿਸਮ ਦੀ ਇਹ ਪਹਿਲੀ ਪੰਜਾਬੀ ਪੁਸਤਕ ਹੈ ਜਿਸ ਵਿਚ ਬਿਰਤਾਂਤ ਤੇ ਕਵਿਤਾ, ਅਤੀਤ ਤੇ ਵਰਤਮਾਨ, ਨਵੀਨਤਮ ਟੈਕਨੋਲੋਜੀ ਤੇ ਪ੍ਰਾਚੀਨ ਮਿਥਿਹਾਸ ਇਤਿਹਾਸ ਨਾਲੋ ਨਾਲ ਤੁਰ ਰਹੇ ਹਨ ਸੋਚਾਂ, ਭਾਵਾਂ ਅਤੇ ਯਾਦਾਂ ਬਹੁਤ ਅਨੂਠਾ ਤਾਣਾ ਬਾਣਾ ਬੁਣਦੇ ਹਨ। ਇਸ ਦੇ ਵਿਲੱਖਣ ਹੋਣ ਵਿਚ ਜ਼ਰੂਰ ਕੁਝ ਕੁਝ ਪਰਦੇਸ ਦਾ ਵੀ ਹਿੱਸਾ ਹੈ। ਚੰਦਨ ਦੀ ਕਵਿਤਾ ਛੰਨਾ ਪੜ੍ਹ ਕੇ ਮੈਂ ਕਿਹਾ ਸੀ ਕਿ ਨਕੋਦਰ ਹੁੰਦਿਆਂ ਚੰਦਨ ਨੂੰ ਛੰਨੇ ਦੀ ਆਵਾਜ਼ ਕਦਾਚਿੱਤ ਨਹੀਂ ਸੀ ਸੁਣਨੀ। ਕਈ ਆਵਾਜ਼ਾਂ ਦੂ ......ਰ ਜਾ ਕੇ ਹੀ ਸੁਣਦੀਆਂ ਹਨ।

ਪਿੰਡ ਦੀ ਬੀਹੀ ਵਿਚ ਕਬਾੜੀਏ ਦੇ ਹੋੱਕੇ ਤੋਂ ਲੈ ਕੇ ਐਮਾਜ਼ੌਨ ਤਕ ਦੇ ਕਾਲ-ਖੰਡ ਵਿਚ ਫ਼ੈਲੀ ਹੋਈ ਹੈ ਇਹ ਕਿਤਾਬ। ਇਸ ਸਾਰੇ ਕਾਲ-ਖੰਡ ਦੌਰਾਨ ਕਵੀ ਗੁਰਿੰਦਰਜੀਤ ਦੇ ਮਨ ਤੇ ਕੀ ਕੀ ਪ੍ਰਭਾਵ ਪਏ, ਉਹ ਸਾਰੇ ਇਸ ਕਿਤਾਬ ਵਿਚ ਉਣੇ ਪਏ ਹਨ। ਦੋ ਸਹੇਲੀਆਂ ਵਾਰਤਾ ਤੇ ਕਵਿਤਾ ਇਸ ਵਿਚ ਇਨ੍ਹਾਂ ਬਾਰੇ ਗੱਲਾਂ ਕਰਦੀਆਂ ਤੁਰੀਆਂ ਜਾਂਦੀਆਂ ਹਨ। ਇਸ ਕਿਤਾਬ ਵਿਚ ਦੇਸ ਤੇ ਪਰਦੇਸ ਦਾ ਤਾਣਾ ਬਾਣਾ ਅਨੂਠੀ ਖ਼ੂਬਸੂਰਤੀ ਨਾਲ ਬੁਣਿਆ ਹੋਇਆ ਹੈ। ਪਰਵਾਸ ਜਾਣ ਵੇਲੇ ਗੁਰਿੰਦਰਜੀਤ ਦੀਆਂ ਨਜ਼ਰਾਂ ਤੋਂ ਜੋ ਜੋ ਦੂਰ ਹੋ ਗਿਆ, ਬੰਦੇ, ਚੀਜ਼ਾਂ, ਅਹਿਸਾਸ, ਗੱਲਾਂ, ਦ੍ਰਿਸ਼, ਰਿਸ਼ਤੇ, ਵਿਵਹਾਰ ਉਹ ਸਾਰਾ ਕੁਝ ਉਸ ਦੀ ਇਸ ਕਿਤਾਬ ਵਿਚ ਆ ਗਿਆ। ਦੋ ਦ੍ਰਿਸ਼ ਤੁਹਾਡੇ ਨਾਲ਼ ਸਾਂਝੇ ਕਰਦਾ ਹਾਂ:

"ਗੁੜ ਨਾਲ਼ ਭਰਿਆ ਮੂੰਹ
ਹਰ ਸਵਾਲ ਦਾ ਜਵਾਬ
ਹੂੰ ਹੂੰ ਹੂੰ"

"ਵਾਂਢੇ ਤੁਰੇ 'ਕੱਠੇ
ਬਾਪੂ ਮੂਹਰੇ-ਮੂਹਰੇ
ਬੇਬੇ ਰਹਿ ਗਈ ਪਿੱਛੇ"

ਇਸ ਕਿਤਾਬ ਵਿਚ ਉਸ ਦੇ ਸਕੂਲੀ ਦਿਨਾਂ ਦੀਆਂ ਵੀ ਬਹੁਤ ਖ਼ੂਬਸੂਰਤ ਯਾਦਾਂ ਹਨ। ਇਕ ਯਾਦ ਮਾਸਟਰ ਸਵਰਨ ਸਿੰਘ ਦੀ ਹੈ ਜਿਸ ਨੇ ਗੁਰਿੰਦਰਜੀਤ ਨੂੰ ਇਸ ਗੱਲੋਂ ਚੁਪੇੜ ਮਾਰੀ ਕਿ ਉਹ ਇਮਤਿਹਾਨਾਂ ਤੋਂ ਪਹਿਲਾਂ ਕੋਰਸ ਤੋਂ ਗਾਂਹ ਦੀਆਂ ਗੱਲਾਂ ਕਰ ਰਿਹਾ ਸੀ।

ਗੁਰਿੰਦਰਜੀਤ ਲਿਖਦਾ ਹੈ:
"ਮਾਸਟਰ ਸਵਰਨ ਸਿੰਘ ਦੀ ਚੁਪੇੜ ਦਾ ਸ਼ੁਕਰੀਆ ਜਿਨ੍ਹਾਂ ਦੀ ਇਕ ਚੁਪੇੜ ਨੇ ਜ਼ਿੰਦਗੀ ਵਿਚ ਤਰਤੀਬ ਦੀ ਭੂਮਿਕਾ ਨੂੰ ਮੇਰੇ ਖ਼ਾਨੇ ਵਿਚ ਪਾ ਦਿੱਤਾ।"

ਸਕੂਲੀ ਦਿਨਾਂ ਵਿਚ ਗੁਰਿੰਦਰਜੀਤ ਦੀ ਇਕ ਕਹਾਣੀ ਦੇਖ ਕੇ ਵੀ ਮਾਸਟਰ ਜੀ ਨੂੰ ਵੀ ਬਹੁਤ ਕ੍ਰੋਧ ਆਇਆ। ਗੁਰਿੰਦਰਜੀਤ ਲਿਖਦਾ ਹੈ:
"ਆਖ਼ਰ ਮਾਸਟਰ ਜੀ ਨੂੰ ਮੇਰੀ ਕਹਾਣੀ 'ਤੇ ਏਨਾ ਗੁੱਸਾ ਕਿਉਂ ਆਇਆ। ਕਿਤੇ ਉਸ ਦਿਨ ਮਾਸਟਰ ਜੀ ਦੇ ਚਿੱਤ ਵਿਚ ਨੰਦ ਲਾਲ ਨੂਰਪੁਰੀ ਦੇ ਅੰਤਲੇ ਵਰ੍ਹਿਆਂ ਦੀ ਗਾਥਾ ਨੇ ਹੀ ਤਾਂ ਉਥਲ ਪੁਥਲ ਨਹੀਂ ਸੀ ਮਚਾਈ ਹੋਈ?"

ਸਕੂਲ ਦੀ ਹੀ ਇਕ ਦਿਲਚਸਪ ਯਾਦ ਉਹ ਕਵਿਤਾ ਵਿਚ ਇਸ ਤਰਾਂ ਦਰਜ ਕਰਦਾ ਹੈ:

"ਮੇਰੀ ਨੂਡਲਾਂ ਜਿਹੀ ਲਿਖਾਈ
ਉੱਤੋਂ ਫ਼ੈਲੀ ਹੋਈ ਸਿਆਹੀ
ਮੇਰਾ ਡੰਕ ਵੀ ਰਤਾ ਸ਼ੁਦਾਈ
ਵੇਖ ਕੇ ਕਾਪੀ ਇੰਗਲਿਸ਼ ਮੈਡਮ
ਉਰਦੂ ਉਰਦੂ ਕਰਦੀ"

ਗੁਰਿੰਦਰਜੀਤ ਦੇ ਮਨ ਵਿਚ ਆਪਣੇ ਬਚਪਨ ਦੇ ਦਿਨਾਂ ਲਈ ਗਹਿਰਾ ਉਦਰੇਵਾਂ ਹੈ। ਉਹ ਲਿਖਦਾ ਹੈ:

"ਮਹਾਂ ਮਾਰਗੋ, ਸੈੱਟੇਲਾਈਟੋ
ਜੀ. ਪੀ. ਐੱਸੋ, ਸੁਪਰ ਸੋਨਿਕੋ
ਮੈਂ ਤੁਹਾਡੀ ਬੜੀ ਤਾਰੀਫ਼ ਸੁਣੀ ਹੈ
ਕੋਈ ਤਾਂ ਦਿਖਾ ਦੇਵੋ ਮੈਨੂੰ
ਮੇਰੇ ਘਰ ਦਾ ਰਾਹ
ਮੈਂ ਘਰ ਵਾਪਿਸ ਜਾਣਾ ਹੈ"

ਗੁਰਿੰਦਰਜੀਤ ਜਿੰਨਾ ਭਾਵੁਕ ਹੈ ਓਨਾ ਹੀ ਵਿਨੋਦੀ ਹੈ:

"ਕੁੱਕੜ ਦਾ ਚਿੱਤ ਕਰੇ
ਚਿਕਨ ਫ਼ੈਕਟਰੀ ਦੀ ਬੈਲਟ ਤੋਂ ਭੱਜ
ਪਿੰਡ ਆਵੇ
ਸੁੱਤੀ ਕਲਾ ਜਗਾਵੇ
ਲੋਕੀਂ ਜਾਗਣ

ਸਾਂਭਣ ਮੁੱਕਦਾ ਸੁੱਕਦਾ ਪਿੰਡ
ਫਿਰ ਭਾਂਵੇਂ ਭੁੰਨਣ ਮੁਰਗੇ"

ਉਹ ਕਦੀਮੀ ਭਾਸ਼ਾ ਵਿਚ ਵੀ ਦੂਰ ਤੱਕ ਸਫ਼ਰ ਕਰਦਾ ਹੈ:

"ਸੁਹਾਗਿਆ ਵੇ ਕਰ ਦੇ ਮਲਾਇਮ ਮਿੱਟੀ ਮੇਰੀ
ਮੇਰੇ ਪਿੰਡੇ ਉੱਤੇ ਖੁੰਘੇ ਹੰਕਾਰ ਦੇ"

ਤੇ ਨਵੀਂ ਭਾਸ਼ਾ ਵੀ ਸਿਰਜ ਰਿਹਾ ਹੈ:

"ਭਾਈ ਸਤੀ ਦਾਸ ਨੂੰ ਗੁਰੂ ਵੱਲੋਂ ਬਖ਼ਸ਼ਿਆ ਅਲੌਕਿਕ ਦੂਖ ਨਿਵਾਰਨਹਾਰ ਐਨਸਥੀਸੀਆ"

ਇਕ ਹੋਰ ਥਾਂ: "ਮੇਰੇ ਸੌਫ਼ਟਵੇਅਰ ਦਾ ਅਨ-ਡੂ ਝੂਠਾ ਹੈ"
ਉਸ ਦੀ ਰਚਨਾ ਵਿਚ ਮਿਥੀਕਲ ਅਮੀਰੀ ਵੀ ਹੈ, ਵਿਗਿਆਨਕ ਵੀ।
ਉਹ ਦੋਵਾਂ ਸੋਮਿਆਂ ਤੋਂ ਸ਼ਕਤੀ ਲੈਂਦਾ ਹੈ:
"ਸੋਕੇ ਦੇ ਅਹਿਸਾਸ ਨਾਲ ਪਾਣੀ ਦੀ ਤਰਲਤਾ ਕਈ ਗੁਣਾਂ ਵਧ ਜਾਂਦੀ ਹੈ"

ਉਸ ਦਾ ਖਿਲੰਦੜਾਪਨ ਵੀ ਕਮਾਲ ਹੈ :
"ਵੇ ਰੱਬਾ ਕਰਤਾਰਿਆ"

ਇਸ ਸਤਰ ਨਾਲ ਮੈਂ ਇਹ ਆਲੇਖ ਮੁਕਾਉਂਦਾ ਹਾਂ ਕਿ ਮੈਂ ਇਕ ਵਾਰ ਫੇਰ ਇਹ ਕਿਤਾਬ ਪੜ੍ਹਾਂਗਾ ਸਹਿਜ ਸਹਿਜ। ਇਸ ਕਿਤਾਬ ਵਿਚ ਬਹੁਤ ਕੁਝ ਹੈ ਜਿਸ ਕੋਲੋਂ ਮੈਂ ਜ਼ਰਾ ਕਾਹਲੀ ਨਾਲ਼ ਲੰਘ ਆਇਆ ਹਾਂ। ਸ਼ਾਇਦ ਮੈਨੂੰ ਇਸ ਬਾਰੇ ਲਿਖਣ ਦੀ ਕਾਹਲੀ ਸੀ। ਇਹ ਅਨੂਠੀ ਕਿਤਾਬ ਲਿਖਣ ਲਈ ਗੁਰਿੰਦਰਜੀਤ ਨੂੰ ਬਹੁਤ ਬਹੁਤ ਮੁਬਾਰਕਾਂ ਤੇ ਦੁਆਵਾਂ।

**ਸੁਰਜੀਤ ਪਾਤਰ**
**24 ਜਨਵਰੀ, 2024**

# ਖ਼ਿਰਾਜ਼-ਏ-ਅਕੀਦਤ: ਸੁਰਜੀਤ ਪਾਤਰ

"ਤੁਸੀਂ ਇੰਨੇ ਕਿਉਂ ਉਦਾਸ ਹੋ ਪਾਪਾ?" ਬੇਟੀ ਮਨਸੀਰਤ ਹੈਰਾਨੀ ਨਾਲ ਪੁੱਛਦੀ ਹੈ। ਉਹ ਹੁਣੇ ਔਟਾਵਾ ਤੋਂ ਘਰ ਪਰਤੀ ਹੈ। ਮੇਰੀ ਚੁੱਪ ਵਰਗੀ ਫ਼ਤਿਹ ਨਾਲ ਉਸ ਦਾ ਘਰ ਪਹੁੰਚਣਾ ਜਿਵੇਂ ਅਧੂਰਾ ਰਹਿ ਗਿਆ ਹੋਵੇ। ਮੈਂ ਇਕਦਮ ਉਸ ਨਾਲ ਸੁਰਜੀਤ ਪਾਤਰ ਜੀ ਦੀ ਖ਼ਬਰ ਸਾਂਝੀ ਨਹੀਂ ਕਰਦਾ। ਜਿੰਨਾ ਚਿਰ ਮਾਂਵਾਂ-ਧੀਆਂ ਸੁੱਖ-ਸਾਂਦ ਪੁੱਛਦੀਆਂ ਹਨ, ਮੈਂ ਲਫ਼ਜ਼ਾਂ ਦੀ ਲੋਇ-ਲੋਇ 2007 'ਚ ਪਹੁੰਚ ਜਾਂਦਾ ਹਾਂ। ਸੁਰਜੀਤ ਪਾਤਰ ਜੀ ਦੀ ਤਰੰਨਮ ਸੁਣਨ ਤੋਂ ਕਈ ਮਹੀਨੇ ਬਾਦ ਵੀ ਢਾਈ ਸਾਲ ਦੀ ਤੋਤਲੀ ਨਿਮਰਤ ਉੱਠਦੀ-ਬਹਿੰਦੀ ਗਾਉਂਦੀ ਰਹਿੰਦੀ ਹੈ 'ਜਗਾ ਦੇ ਮੋਮਬੱਤੀਆਂ'। 2011 'ਚ ਪਾਤਰ ਸਾਹਿਬ ਤੇ ਭੁਪਿੰਦਰ ਅੰਟੀ ਮਾਂਟਰੀਅਲ ਆ ਕੇ ਬਾਲ ਸਭਾ ਰਚਾਉਂਦੇ ਹਨ। ਬਾਲ ਨਜ਼ਮਾਂ ਨੂੰ ਯਾਦਾਂ ਦੇ ਸੰਦੂਕ 'ਚ ਪਾ ਕੇ ਆਸ਼ਾ ਪੁਰੀ ਲੈ ਜਾਂਦੇ ਹਨ। ਫ਼ਰੈਂਚ ਸਕੂਲਾਂ 'ਚ ਪੜ੍ਹਦੇ ਇਹ ਬੱਚੇ ਪੰਜਾਬੀ ਕਵਿਤਾ ਦੇ ਨਵੇਂ ਪਾਤਰ ਬਣ ਜਾਂਦੇ ਹਨ। ਲਫ਼ਜ਼ਾਂ ਦੀ ਲੋਇ ਨੂਰੋਂ ਪੁਰਨੂਰ ਹੋ ਜਾਂਦੀ ਹੈ।

ਮਨਸੀਰਤ ਨੂੰ ਹੁਣ ਪਾਤਰ ਸਾਹਿਬ ਦੀ ਖ਼ਬਰ ਮਿਲ ਚੁੱਕੀ ਹੈ। ਉਹ ਸੋਫੇ ਦੇ ਸੱਜੇ ਪਾਸੇ ਵਾਲੀ ਕੁਰਸੀ ਘੁਮਾ ਕੇ ਮੇਰੇ ਸਾਹਮਣੇ ਆ ਬੈਠੀ ਹੈ।

"ਪਾਪਾ ਤੁਸੀਂ ਪਾਤਰ ਅੰਕਲ ਨੂੰ ਪਰਿਕਾਸ਼ਨ ਲੈਣ ਲਈ ਕਿਉਂ ਨਹੀਂ ਕਿਹਾ?" ਉਸ ਦੇ ਸਵਾਲ ਗਹਿਰ ਗੰਭੀਰ ਹੋ ਰਹੇ ਹਨ। ਉਹ ਮੇਰੇ ਵਰਗੇ ਅਨੇਕਾਂ ਪਾਤਰ ਸਾਹਿਬ ਨੂੰ ਚਾਹੁਣ ਵਾਲਿਆਂ ਨਾਲ ਗਿਲਾ ਜ਼ਾਹਰ ਕਰ ਰਹੀ ਹੈ।

ਪਰ ਪਾਣੀ ਪੁੱਲ਼ ਤੋਂ ਲੰਘ ਚੁੱਕਾ ਹੈ। ਪਾਤਰ ਸਾਹਿਬ ਵਾਪਸ ਨਹੀਂ ਪਰਤਣਗੇ। ਮੈਂ ਉਸ ਨੂੰ ਹੈਲਥ-ਸਾਇੰਸ ਤੋਂ ਇਤਿਹਾਸ ਵੱਲ ਲੈ ਜਾਂਦਾ ਹਾਂ।

ਬੇਟਾ ਜੀ, ਜਦੋਂ ਸ਼ਿਵ ਕੁਮਾਰ ਬਟਾਲਵੀ ਗਿਆ ਤਾਂ ਸੁਰਜੀਤ ਪਾਤਰ ਜੀ ਨੇ ਕਿਹਾ ਸੀ, "ਪਤਾ ਨਹੀਂ ਉਹ ਮਰ ਕੇ ਫੁੱਲ ਬਣਿਆ ਜਾਂ ਤਾਰਾ ਪਰ ਮੈਂ ਉਸਨੂੰ ਜੀਉਂਦੇ ਜੀ ਇਹ ਦੋਵੇਂ ਕੁਝ ਬਣਦਾ ਦੇਖਿਆ।" ਸੋਹਣ ਸਿੰਘ ਮੀਸ਼ੇ ਦੇ ਜਾਣ ਤੇ ਉਨ੍ਹਾਂ ਲਿਖਿਆ ਸੀ, "ਉਸ ਨੂੰ ਡੁੱਬਣ ਲਈ ਕਾਂਜਲੀ ਨਹੀਂ, ਕੋਈ ਗਹਿਰੀ ਕਵਿਤਾ ਚਾਹੀਦੀ ਸੀ। ਕੋਈ